Punjabi | ਪੰਜਾਬੀ

NSW STATE EMERGENCY SERVICE

# ਆਪਣੇ ਸੁਨਾਮੀ ਦੇ ਖ਼ਤਰੇ ਨੂੰ ਜਾਣੋ

## ਆਪਣੇ ਸੁਨਾਮੀ ਦੇ ਖ਼ਤਰੇ ਬਾਰੇ ਪਤਾ ਲਗਾਓ

ਸਥਾਨਕ ਸੁਨਾਮੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੀ ਸਥਾਨਕ NSW SES ਯੂਨਿਟ ਨਾਲ ਸੰਪਰਕ ਕਰੋ।

NSW SES ਦੀ ਵੈੱਬਸਾਈਟ 'ਤੇ ਬਾਹਰ ਨਿਕਲਣ ਵਾਲੇ ਇਲਾਕੇ ਦੇ ਨਕਸ਼ੇ ਦੀ ਸਮੀਖਿਆ ਕਰਕੇ ਆਪਣੇ ਸੁਨਾਮੀ ਤੋਂ ਬਾਹਰ ਨਿਕਲਣ ਵਾਲੇ ਇਲਾਕਿਆਂ ਨੂੰ ਜਾਣੋ।



## ਸੁਨਾਮੀ ਦੇ ਸੰਕੇਤਾਂ ਅਤੇ ਨਤੀਜਿਆਂ ਬਾਰੇ ਸੁਚੇਤ ਰਹੋ

ਸੁਨਾਮੀ ਦੇ ਬਹੁਤ ਸਾਰੇ ਕੁਦਰਤੀ ਸੰਕੇਤ ਹਨ, ਉਦਾਹਰਨ ਲਈ:

**ਭੁਚਾਲ**

**ਸਮੁੰਦਰ ਦਾ ਅਜੀਬ ਵਿਵਹਾਰ: ਤੇਜ਼ੀ ਨਾਲ ਵਧ ਰਹੇ ਹੜ੍ਹ ਜਾਂ ਪਾਣੀ ਦੀ ਕੰਧ ਵਾਂਗ ਦਿਖਾਈ ਦੇਣਾ, ਜਾਂ ਸਮੁੰਦਰ ਦੇ ਪਾਣੀ ਦਾ ਪੱਧਰ ਸਮੁੰਦਰੀ ਤਲ ਦਿਖਾਈ ਦੇਣ ਤੱਕ ਬਹੁਤ ਜ਼ਿਆਦਾ ਪਿੱਛੇ ਹੱਟਣਾ**

**ਸਮੁੰਦਰ ਵਿੱਚੋਂ ਗਰਜਨ ਦੀ ਆਵਾਜ਼ ਆਉਣਾ, ਰੇਲ-ਗੱਡੀ ਦੀ ਆਵਾਜ਼ ਵਰਗੀ**

## ਐਮਰਜੈਂਸੀ ਕਿੱਟ ਤਿਆਰ ਕਰੋ

ਤੁਹਾਡੀ ਐਮਰਜੈਂਸੀ ਕਿੱਟ ਵਿੱਚ ਇਹ ਸਭ ਹੋਣਾ ਚਾਹੀਦਾ ਹੈ:

- ✓ **ਵਾਧੂ ਬੈਟਰੀਆਂ ਦੇ ਨਾਲ ਚੁੱਕਵਾਂ (ਪੋਰਟੇਬਲ) ਰੇਡੀਓ**
- ✓ **ਵਾਧੂ ਬੈਟਰੀਆਂ (ਸੈੱਲਾਂ) ਸਮੇਤ ਟਾਰਚ**
- ✓ **ਮੁੱਢਲੀ ਸਹਾਇਤਾ (ਫ਼ਸਟ ਏਡ) ਕਿੱਟ (ਤੁਹਾਡੇ ਪਰਿਵਾਰ ਲਈ ਲੋੜੀਂਦੀਆਂ ਚੀਜ਼ਾਂ ਦੇ ਨਾਲ)**
- ✓ **ਮੋਮਬੱਤੀਆਂ ਅਤੇ ਪਾਣੀ ਨਾਲ ਨਾ ਭਿੱਜਣ ਵਾਲਿਆਂ ਮਾਚਿਸਾਂ**
- ✓ **ਐਮਰਜੈਂਸੀ ਸੰਪਰਕ ਨੰਬਰਾਂ ਸਮੇਤ ਮਹੱਤਵਪੂਰਨ ਕਾਗਜ਼ਾਤ**
- ✓ **ਸਾਰੀਆਂ ਐਮਰਜੈਂਸੀ ਯੋਜਨਾਵਾਂ ਦੀ ਨਕਲ**
- ✓ **ਕੀਮਤੀ ਚੀਜ਼ਾਂ ਲਈ ਵਾਟਰਪ੍ਰੂਫ਼ ਬੈਗ (ਪਾਣੀ ਨਾਲ ਭਿੱਜਣ ਤੋਂ ਬਚਾਉਣ ਵਾਲਾ ਝੋਲਾ)**

## ਤਿਆਰੀ ਕਰ ਕੇ ਰੱਖੋ




ਆਪਣੀਆਂ ਮੋਬਾਈਲ ਡਿਵਾਈਸਾਂ 'ਤੇ **ਹੈਜ਼ਰਡਜ਼ ਨੀਅਰ ਮੀ (Hazards Near Me)** ਐਪ ਨੂੰ ਡਾਊਨਲੋਡ ਕਰੋ ਅਤੇ ਉਹਨਾਂ ਇਲਾਕਿਆਂ ਲਈ **ਚੌਕਸੀ ਵਾਲੇ ਖੇਤਰ (ਵਾਚ ਜ਼ੋਨ)** ਬਣਾਓ ਜਿੱਥੇ ਤੁਸੀਂ ਰਹਿੰਦੇ ਹੋ, ਕੰਮ ਕਰਦੇ ਹੋ ਅਤੇ ਆਉਂਦੇ-ਜਾਂਦੇ ਹੋ।



ਆਪਣੇ ਘਰ, ਕਾਰੋਬਾਰ ਅਤੇ ਜਾਇਦਾਦਾਂ ਲਈ **ਸੁਨਾਮੀ ਤੋਂ ਨਿਕਲਣ ਦੀਆਂ ਯੋਜਨਾਵਾਂ** ਤਿਆਰ ਕਰੋ ਜੋ ਸੁਨਾਮੀ ਦੇ ਖ਼ਤਰੇ ਵਾਲੇ ਇਲਾਕਿਆਂ ਵਿੱਚ ਹਨ, ਅਤੇ ਯਕੀਨੀ ਬਣਾਓ ਕਿ ਤੁਸੀਂ ਆਪਣੀ ਦੇਖਭਾਲ ਵਿੱਚ ਸਾਰੇ ਲੋਕਾਂ ਅਤੇ ਜਾਨਵਰਾਂ ਲਈ ਯੋਜਨਾ ਬਣਾਉਂਦੇ ਹੋ।



ਆਪਣੀ ਐਮਰਜੈਂਸੀ ਯੋਜਨਾ ਨੂੰ ਪਰਿਵਾਰ, ਗੁਆਂਢੀਆਂ ਅਤੇ ਨਾਲ ਕੰਮ ਕਰਨ ਵਾਲਿਆਂ ਨਾਲ ਸਾਂਝਾ ਕਰੋ ਅਤੇ ਬਾਕਾਇਦਾ ਇਸ ਦੀ ਸਮੀਖਿਆ ਕਰੋ।

ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES ਨੂੰ 132 500 'ਤੇ ਫ਼ੋਨ ਕਰੋ।**

**www.ses.nsw.gov.au/languages**

@NSWSES NSWSES NSWSES